ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ,ਚੰਡੀਗੜ੍ਹ, ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ, ਪੰਜਾਬ

ਵੱਲ

ਸਮੂਹ ਪ੍ਰਿੰਸੀਪਲ/ਹੈਡ ਮਾਸਟਰ/ਹੈਡ ਮਿਸਟਰੈਸ
ਸਰਕਾਰੀ ਹਾਈ ਸਕੂਲ/ਸੀਨੀਅਰ ਸੈਕੰਡਰੀ ਸਕੂਲ ਪੰਜਾਬ।

ਮੀਮੋ ਨੰ: ਕੋਆਰਡੀਨੇਸ਼ਨ/2012/ 19961
ਮਿਤੀ,ਚੰਡੀਗੜ੍ਹ: 23-08 ~~ਜੁਲਾਈ~~ 2012

ਵਿਸ਼ਾ: ਛੁੱਟੀ ਸਮੇਂ ਬਾਅਦ ਲੜਕੀਆਂ ਨੂੰ ਜਿੰਮੇਵਾਰੀ ਅਤੇ ਸੁਰੱਖਿਅਤ ਤਰੀਕੇ ਨਾਲ ਘਰਾਂ ਨੂੰ ਤੋਰਨ ਬਾਰੇ।

1.0 ਲੜਕੀਆਂ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਸਹਿ ਸਿੱਖਿਆ (ਕੋ-ਐਜੂਕੇਸ਼ਨ) ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਛੁੱਟੀ ਸਮੇਂ ਲੜਕੀਆਂ ਨਾਲ ਛੇੜ-ਛਾੜ ਦੀਆਂ ਘਟਨਾਵਾਂ ਪਿਛਲੇ ਸਮੇਂ ਦੌਰਾਨ ਇਸ ਦਫਤਰ ਦੇ ਨੋਟਿਸ ਵਿੱਚ ਆਈਆਂ ਹਨ।

2.0 ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ, ਅਧਿਆਪਕਾਂ ਅਤੇ ਮਾਪਿਆਂ ਲਈ ਇਹ ਇਕ ਚਿੰਤਾ ਦਾ ਵਿਸ਼ਾ ਹੈ ਜਿਸ ਬਾਰੇ ਸਕੂਲ ਦੇ ਪ੍ਰਬੰਧਕਾਂ ਨੂੰ ਤੁਰੰਤ ਹੀ ਬਹੁਤ ਕਾਰਗਰ ਕਦਮ ਚੁੱਕਣੇ ਚਾਹੀਦੇ ਹਨ । ਮਾਪਿਆਂ ਵਲੋਂ ਆਪਣੀਆਂ ਲੜਕੀਆਂ ਨੂੰ ਸਕੂਲਾਂ ਵਿੱਚ ਵਿੱਦਿਆ ਲੈਣ ਲਈ ਇਸ ਆਸ ਨਾਲ ਭੇਜਿਆ ਜਾਂਦਾ ਹੈ ਕਿ ਸਕੂਲਾਂ ਵਿੱਚੋਂ ਪਹੁੰਚਣ ਸਮੇਂ, ਸਕੂਲੀ ਸਮੇਂ ਦੌਰਾਨ ਅਤੇ ਸਕੂਲਾਂ ਤੋਂ ਵਾਪਿਸ ਜਾਣ ਸਮੇਂ ਉਹਨਾਂ ਦੀ ਪੂਰਨ ਸੁਰੱਖਿਆ ਯਕੀਨੀ ਬਣਾਈ ਜਾਵੇਗੀ । ਪਰ ਜੇਕਰ ਕਿਸੇ ਸ਼ਰਾਰਤੀ ਅਨਸਰ ਵਲੋਂ, ਜਿਹਨਾਂ ਵਿੱਚ ਸਕੂਲ ਦੇ ਆਪਣੇ ਵਿਦਿਆਰਥੀ ਵੀ ਸ਼ਾਮਲ ਹੋ ਸਕਦੇ ਹਨ, ਲੜਕੀਆਂ ਨਾਲ ਸਕੂਲ ਆਉਣ ਸਮੇਂ ਜਾਂ ਛੁੱਟੀ ਸਮੇਂ ਕੋਈ ਛੇੜ ਛਾੜ ਜਾਂ ਬਦਸਲੂਕੀ ਕੀਤੀ ਜਾਂਦੀ ਹੈ ਤਾਂ ਉਹ ਇਕ ਬਹੁਤ ਹੀ ਮੰਦਭਾਗਾ ਵਰਤਾਰਾ ਹੁੰਦਾ ਹੈ ਜਿਸ ਦੀ ਨਾ ਕੇਵਲ ਨਿਖੇਧੀ ਕਰਨੀ ਬਣਦੀ ਹੈ ਸਗੋਂ ਇਸ ਨੂੰ ਰੋਕਣ ਲਈ ਨਿੱਗਰ ਪ੍ਰਬੰਧ ਕਰਨੇ ਬਣਦੇ ਹਨ।

3.0 ਇਸੇ ਤਰ੍ਹਾਂ ਸਕੂਲ ਸਮੇਂ ਦੌਰਾਨ ਸਹਿ ਸਿੱਖਿਆ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਪੀਰੀਅਡ ਖਾਲੀ ਨਾ ਰਹੇ ਅਤੇ ਕੋਈ ਨਾ ਕੋਈ ਅਧਿਆਪਕ ਹਰ ਪੀਰੀਅਡ ਦੌਰਾਨ ਕਲਾਸ ਵਿੱਚ ਹਾਜ਼ਰ ਹੋਵੇ।

4.0 ਇਸ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਲੜਕੀਆਂ ਦੇ ਸਕੂਲਾਂ ਅਤੇ ਸਹਿ ਸਿੱਖਿਆ(ਕੋ-ਐਜੂਕੇਸ਼ਨ) ਸਰਕਾਰੀ ਹਾਈ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਵੇਰੇ ਲੱਗਣ ਤੋਂ 15 ਮਿੰਟ ਪਹਿਲਾਂ ਸਕੂਲ ਦੇ ਕੁਝ ਅਧਿਆਪਕ ਗੇਟ ਤੇ ਖੜੇ ਹੋਣ ਤਾਂ ਜੋ ਕੋਈ ਸ਼ਰਾਰਤੀ ਅਨਸਰ ਇਸ ਸਮੇਂ ਲੜਕੀਆਂ ਨੂੰ ਤੰਗ ਪ੍ਰੇਸ਼ਾਨ ਨਾ ਕਰ ਸਕੇ।

2. ਸਕੂਲ ਤੋਂ ਛੁੱਟੀ ਸਮੇਂ ਸਕੂਲ ਦੇ ਅਧਿਆਪਕ ਖਾਸ ਕਰਕੇ ਸਕੂਲ ਮੁੱਖੀ ਗੇਟ ਤੇ ਹਾਜ਼ਰ ਰਹਿਣ ਅਤੇ ਇਹ ਯਕੀਨੀ ਬਣਾਉਣ ਕਿ ਸਮੂਹ ਲੜਕੀਆਂ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਆਪਣੇ ਆਪਣੇ ਘਰਾਂ ਲਈ ਰਵਾਨਾ ਹੋ ਜਾਣ।

3. ਜਿਥੇ ਕਿਤੇ ਇਹ ਮਹਿਸੂਸ ਹੋਵੇ ਕਿ ਹੁਲੜਬਾਜੀ ਕਰਦੇ ਸ਼ਰਾਰਤੀ ਅਨਸਰ ਗੇਟ ਤੇ ਖੜ੍ਹੇ ਅਧਿਆਪਕਾਂ ਦੀ ਵੀ ਗੱਲ ਨਹੀਂ ਸੁਣ ਰਹੇ ਉਥੇ ਤੁਰੰਤ ਹੀ ਪੁਲੀਸ ਥਾਣੇ ਨਾਲ ਸੰਪਰਕ ਕੀਤਾ ਜਾਵੇ ਅਤੇ ਪੁਲੀਸ ਦੀ ਪੀ.ਸੀ.ਆਰ ਨੂੰ ਬੇਨਤੀ ਕੀਤੀ ਜਾਵੇ ਕਿ ਛੁੱਟੀ ਸਮੇਂ ਕੁਝ ਸਮੇਂ ਲਈ ਇਹ ਪੀ.ਸੀ.ਆਰ ਸਕੂਲ ਦੇ ਗੇਟ ਤੇ ਆ ਜਾਵੇ।

4. ਇਹ ਵੀ ਵਿਚਾਰ ਲਿਆ ਜਾਵੇ ਕਿ ਸਹਿ ਸਿੱਖਿਆ(ਕੋ-ਐਜੂਕੇਸ਼ਨ) ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੜਕੀਆਂ ਨੂੰ ਬਣਦੇ ਸਮੇਂ ਤੋਂ ਦਸ ਮਿੰਟ ਪਹਿਲਾਂ ਛੁੱਟੀ ਕਰ ਦਿੱਤੀ ਜਾਵੇ ਤਾਂ ਜੋ ਸਕੂਲ ਦੇ ਗੇਟ ਤੇ ਭੀੜ ਨਾ ਹੋਵੇ ਅਤੇ ਲੜਕੀਆਂ ਪਹਿਲਾਂ ਹੀ ਘਰਾਂ ਨੂੰ ਸੁਰੱਖਿਅਤ ਰਵਾਨਾ ਹੋ ਜਾਣ।

5. ਸਕੂਲਾਂ ਦੇ ਮੁੱਖੀਆਂ ਨੂੰ ਇਸ ਸਬੰਧੀ ਜੇਕਰ ਉਕਤ ਅਨੁਸਾਰ ਕਦਮ ਚੁੱਕਣ ਉਪਰੰਤ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਇਸ ਬਾਰੇ ਤੁਰੰਤ ਇਸ ਦਫਤਰ ਦੇ ਨੋਟਿਸ ਵਿੱਚ ਮਸਲਾ ਲਿਆਂਦਾ ਜਾਵੇ ਤਾਂ ਜੋ ਅਗਲੇਰੀ ਯੋਗ ਕਾਰਵਾਈ ਕੀਤੀ ਜਾ ਸਕੇ।

ਕੇ.ਐਸ.ਪੰਨੂ

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਨ ਨੰ: -ਉੱਤ3- 19961 ਮਿਤੀ,ਚੰਡੀਗੜ੍ਹ: 23/08/12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਪੰਜਾਬ ਪੁਲੀਸ ਜੀ ਨੂੰ ਇਸ ਬੇਨਤੀ ਨਾਲ ਭੇਜਿਆ ਜਾਂਦਾ ਹੈ ਕਿ ਸਮੂਹ ਐਸ.ਐਸ.ਪੀ ਸਾਹਿਬਾਨ ਨੂੰ ਹਦਾਇਤ ਕੀਤੀ ਜਾਵੇ ਕਿ ਪੰਜਾਬ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਹਿ ਸਿੱਖਿਆ ਅਤੇ ਲੜਕੀਆਂ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਸਾਹਮਣੇ ਖਾਸ ਤੌਰ ਤੇ ਸਕੂਲ ਲੱਗਣ ਸਮੇਂ ਅਤੇ ਛੁੱਟੀ ਸਮੇਂ ਪੁਲੀਸ ਪੀ.ਸੀ.ਆਰ ਦੀ ਤੈਨਾਤੀ ਕੀਤੀ ਜਾਵੇ ਤਾਂ ਜੋ ਸ਼ਰਾਰਤੀ ਅਨਸਰਾਂ ਵਿਰੁੱਧ ਯੋਗ ਪੁਲੀਸ ਕਾਰਵਾਈ ਕੀਤੀ ਜਾ ਸਕੇ।
2. ਸਕੱਤਰ ਸਕੂਲ ਸਿੱਖਿਆ ਪੰਜਾਬ ਸਰਕਾਰ ਨੂੰ ਇਸ ਬੇਨਤੀ ਨਾਲ ਕੀਤਾ ਜਾਂਦਾ ਹੈ ਕਿ ਉਹਨਾ ਦੇ ਪੱਧਰ ਤੇ ਇਹ ਮਸਲਾ ਡਾਇਰੈਕਟਰ ਜਨਰਲ ਪੁਲੀਸ ਪੰਜਾਬ ਜੀ ਨਾਲ ਟੇਕ-ਅੱਪ ਕੀਤਾ ਜਾਵੇ।
3. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਨੂੰ ਇਸ ਬੇਨਤੀ ਨਾਲ ਕਿ ਉਹਨਾਂ ਦੇ ਪੱਧਰ ਤੇ ਯਕੀਨੀ ਬਣਾਇਆ ਜਾਵੇ ਕਿ ਲੜਕੀਆਂ ਦੇ ਅਤੇ ਸਹਿ ਸਿੱਖਿਆ(ਕੋ-ਐਜੂਕੇਸ਼ਨ) ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਕੂਲ ਲੱਗਣ ਸਮੇਂ ਅਤੇ ਛੁੱਟੀ ਸਮੇਂ ਲੜਕੀਆਂ ਨਾਲ ਕੋਈ ਛੇੜ-ਛਾੜ ਦੀ ਘਟਨਾ ਨਾ ਵਾਪਰੇ ਅਤੇ ਇਸ ਸਬੰਧੀ ਸਾਰੇ ਜ਼ਰੂਰੀ ਕਦਮ ਜਿਲ੍ਹਾ ਪ੍ਰਸ਼ਾਸਨ ਵੱਲੋਂ ਚੁੱਕੇ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ